# ਬਰਨ ਸਚੇਤਨਤਾ ਹਫ਼ਤਾ

# ਸੜਨ ਤੋਂ ਬਚਾਅ ਲਈ ਸੁਝਾਅ

### ਕਿੰਡਰਗਾਰਡਨ ਤੋਂ ਸੱਤਵੀਂ ਜਮਾਤ ਦੇ ਬੱਚਿਆਂ ਦੇ ਅਧਿਆਪਕਾਂ ਅਤੇ ਮਾਤਾ ਪਿਤਾ ਲਈ

## ਹੈਰੀ ਨਾਂ ਦਾ ਹਾਈਡਰੈਂਟ ਕਹਿੰਦਾ ਹੈ:
## ਮਾਚਿਸ ਅਤੇ ਲਾਈਟਰ ਸੰਦ ਹਨ, ਖਿਡੌਣਾ ਨਹੀਂ!

**ਬੀ.ਸੀ. ਦੀ ਹਰ ਕਮਿਉਨਿਟੀ ਵਿੱਚ ਬੱਚਿਆਂ ਦੇ ਹੱਥ ਵਿੱਚ ਮਾਚਿਸ ਅਤੇ ਲਾਈਟਰ ਚਿੰਤਾ ਦਾ ਵਿਸ਼ਾ ਹਨ। ਅੱਗ ਨਾਲ ਖੇਡਣ ਕਰਕੇ ਹਰ ਸਾਲ ਲੱਖਾਂ ਡਾਲਰਾਂ ਦਾ ਮਾਲੀ ਨੁਕਸਾਨ ਹੁੰਦਾ ਹੈ, ਅਤੇ ਹਜ਼ਾਰਾਂ ਲੋਕ ਫ਼ਟੜ ਹੁੰਦੇ ਹਨ ਅਤੇ ਕਈਆਂ ਦੀ ਮੌਤ ਹੋ ਜਾਂਦੀ ਹੈ।**

**ਮਾਚਿਸ ਅਤੇ ਲਾਈਟਰ ਸੰਦ ਹਨ, ਖਿਡੌਣਾ ਨਹੀਂ:** ਇਸ ਧਾਰਨਾ ਨੂੰ ਹੋਰ ਮਜ਼ਬੂਤ ਕਰੋ ਕਿ ਮਾਚਿਸ ਅਤੇ ਲਾਈਟਰ ਵੱਡਿਆਂ ਦੇ ਇਸਤੇਮਾਲ ਸੰਦ ਹਨ। ਇੱਕ ਆਰੀ ਜਾਂ ਚਾਕੂ ਦੀ ਤਰ੍ਹਾਂ, ਮਾਚਿਸ ਖਾਸ ਇਸਤੇਮਾਲਾਂ ਵਾਲੀ ਚੀਜ਼ ਹੈ, ਜਿਵੇਂ ਕਿ ਸਟੋਵ ਜਗਾਉਣਾ, ਮੋਮਬੱਤੀ ਜਗਾਉਣਾ, ਜਾਂ ਧੂਣੀ ਬਾਲਣਾ। ਲਾਭਦਾਇਕ ਅਤੇ ਹਾਨੀਕਾਰਕ ਅੱਗਾਂ ਬਾਰੇ ਤੇ ਮਾਚਿਸ ਅਤੇ ਲਾਈਟਰ ਦੀ ਜਿਮੇਵਾਰ ਵਰਤੋਂ ਬਾਰੇ ਵਿਚਾਰ ਵਟਾਂਦਰਾ ਕਰੋ। ਆਪਣੇ ਬੱਚਿਆਂ ਨੂੰ ਹਿਦਾਇਤ ਦਵੋ ਕਿ ਜੇ ਉਹਨਾਂ ਨੂੰ ਕੋਈ ਮਾਚਿਸ ਜਾਂ ਲਾਈਟਰ ਲੱਭਦਾ ਹੈ ਤਾਂ ਉਹ ਕਿਸੇ ਵੱਡੇ ਨੂੰ ਇਸ ਬਾਰੇ ਦੱਸਣ।

ਇਸ ਗੱਲ ਬਾਰੇ ਵਿਚਾਰ ਕਰੋ ਕਿ ਬੱਚਿਆਂ ਨੂੰ ਅੱਗ ਵਾਲਿਆਂ ਥਾਵਾਂ ਅਤੇ ਉਹਨਾਂ ਦੇ ਦੋਸਤਾਂ ਦੇ ਦਬਾਅ ਤੋਂ ਬਚਾ ਕੇ ਰੱਖਣ ਲਈ ਕਿਹੜੀ ਨੀਤੀ ਅਪਣਾਈ ਜਾਵੇ। ਸਾੜ ਫ਼ੂਕ ਵਰਗੇ ਮਸਲਿਆਂ ਅਤੇ ਉਹਨਾਂ ਬਾਰੇ ਬਣੇ ਕਨੂੰਨਾਂ ਦੇ ਨਾਲ–ਨਾਲ ਬੱਚਿਆਂ ਨੂੰ ਉਹਨਾਂ ਦੀ ਅੱਗ ਜਲਾਉਣ ਵਾਲੇ ਕਾਰਜਾਂ ਦੀ ਜ਼ਿਮੇਵਾਰੀ ਬਾਰੇ ਦੱਸੋ। ਉਹਨਾਂ ਨੂੰ ਅੱਗ ਬੁਝਾਉਣ ਬਾਰੇ ਅਤੇ ਸਹੀ ਚੋਣ ਕਰਨ ਬਾਰੇ ਦੱਸੋ।

**ਜਲਨਸ਼ੀਲ ਪਦਾਰਥਾਂ ਨੂੰ ਸੁਰੱਖਿਅਤ ਢੰਗ ਨਾਲ ਸੰਭਾਲੋ:** ਬੱਚਿਆਂ ਨੂੰ ਪਤਾ ਹੋਣਾ ਚਾਹੀਦਾ ਹੈ ਕਿ ਗੈਸੋਲੀਨ ਅਤੇ ਪੇਂਟ ਥਿੱਨਰ ਆਮ ਜਲਨਸ਼ੀਲ ਪਦਾਰਥਾਂ ਦੇ ਉਦਾਹਰਣ ਹਨ।ਜਲਨਸ਼ੀਲ ਪਦਾਰਥਾਂ ਨੂੰ ਸੰਭਾਵੀ ਸੜਨ ਵਾਲੀ ਚੀਜ਼ਾਂ ਕੋਲ ਨਾ ਰੱਖੋ। ਹਮੇਸ਼ਾ ਤਾਪ ਅਤੇ ਸੜਨ ਵਾਲੇ ਸਰੋਤਾਂ ਤੋਂ ਦੂਰ ਰੱਖੋ। ਜਲਨਸ਼ੀਲ ਤਰਲ ਪਦਾਰਥਾਂ ਨੂੰ ਕਦੇ ਵੀ ਘਰ ਵਿੱਚ ਨਹੀਂ ਰੱਖਣਾ ਚਾਹੀਦਾ। ਉਹਨਾਂ ਨੂੰ ਸੁਰੱਖਿਅਤ ਡੱਬਿਆਂ ਵਿੱਚ ਸਾਫ਼ ਲੇਬਲ ਲਗਾ ਕੇ ਰੱਖਣਾ ਚਾਹੀਦਾ ਹੈ।

**ਭਾਫ਼ ਵੀ ਜਲਨਸ਼ੀਲ ਹੁੰਦੀ ਹੈ:** ਜਲਨਸ਼ੀਲ ਅਤੇ ਬਲ਼ਨਹਾਰ ਤਰਲ ਪਦਾਰਥ ਭਾਫ਼ ਵਿੱਚ ਬਦਲ ਕੇ ਅੱਗ, ਤਾਪ ਜਾਂ ਕਿਸੇ ਚਿੰਗਾਰੀ ਦੇ ਸੰਪਰਕ ਵਿੱਚ ਆਉਣ ਤੇ ਅਸਾਨੀ ਨਾਲ ਅੱਗ ਫ਼ੜ ਲੈਂਦੇ ਹਨ। ਇਹਨਾਂ ਜਲਨਸ਼ੀਲ ਪਦਾਰਥਾਂ ਦੀ ਭਾਫ਼ ਘਰੇਲੂ ਉਪਕਰਨਾਂ ਨੇੜੇ ਅੱਗ ਫ਼ੜ ਸਕਦੀ ਹੈ, ਜਿਵੇਂ ਕਿ ਪਾਣੀ ਦੇ ਹੀਟਰ ਦੀ ਪਾਈਲਟ ਲਾਈਟ ਤੇ।ਜਲਨਸ਼ੀਲ ਅਤੇ ਬਲ਼ਨਹਾਰ ਤਰਲ ਪਦਾਰਥ ਘਰ ਵਿੱਚ ਉਪਕਰਨਾਂ ਨੂੰ ਚਲਾਉਣ ਵਿੱਚ ਸਹਾਈ ਹੁੰਦੇ ਹਨ। ਗੈਸੋਲੀਨ ਨਾਲ ਚੱਲਣ ਵਾਲੀ ਮਸ਼ੀਨ ਨੂੰ ਭਰਨ ਸਮੇਂ ਧਿਆਨ ਰੱਖਣਾ ਬਹੁਤ ਜ਼ਰੂਰੀ ਹੈ। ਤੇਲ ਭਰਨ ਸਮੇਂ ਮਸ਼ੀਨ ਨੂੰ ਬੰਦ ਕਰਨਾ, ਉਸਨੂੰ ਠੰਢਾ ਹੋਣ ਦੇਣਾ, ਤੇਲ ਡੁੱਲ੍ਹਣ ਤੋਂ ਬਚਾਉਣ ਲਈ ਕੀਪ ਦਾ ਇਸਤੇਮਾਲ ਕਰਨਾ, ਅਤੇ ਤੇਲ ਭਰਦੇ ਹੋਏ ਸਿਗਰੇਟ ਨਾ ਪੀਣ ਵਰਗੀਆਂ ਕੁੱਝ ਤਕਨੀਕਾਂ ਦਾ ਖਾਸ ਪਾਲਨ ਕਰਨਾ ਚਾਹੀਦਾ ਹੈ। ਘਰ ਵਿੱਚ ਹੋਰ ਬਲ਼ਣਹਾਰ ਚੀਜ਼ਾਂ ਦਾ ਇਸਤੇਮਾਲ ਕਰਦੇ ਸਮੇਂ ਇਹ ਜ਼ਰੂਰੀ ਹੈ ਕਿ ਨੇੜੇ–ਤੇੜੇ ਕੋਈ ਅੱਗ ਦਿਆਂ ਲਪਟਾਂ ਨਾ ਹੋਣ।

→

ਸਿੱਖਿਆ ਅਤੇ ਛੇਤੀ ਦਖਲ ਦੇਣ ਨਾਲ ਬੱਚਿਆਂ ਨੂੰ ਮਾਚਿਸ ਜਾਂ ਲਾਈਟਰ ਨਾਲ ਖੇਡਣ ਕਰਕੇ ਲੱਗਣ ਵਾਲੀਆਂ ਅੱਗ ਸਬੰਧੀ ਸੱਟਾਂ ਖਤਮ ਕੀਤੀਆਂ ਜਾ ਸਕਦੀਆਂ ਹਨ। ਸਥਾਨੀ ਫ਼ਾਇਰ ਡੀਪਾਰਟਮੈਂਟ ਅਤੇ ਕਮਿਊਨਿਟੀ ਦੇ ਸਿਹਤ ਸੰਭਾਲ ਪੇਸ਼ੇਵਰ ਅੱਗ ਨਾਲ ਖੇਡਣ ਵਾਲੇ ਬੱਚਿਆਂ ਨੂੰ ਸਮਝਾਉਣ ਲਈ ਮਾਤਾ–ਪਿਤਾ ਅਤੇ ਅਧਿਆਪਕਾਂ ਦੀ ਮੱਦਦ ਕਰ ਸਕਦੇ ਹਨ। ਹੋਰ ਜਾਣਕਾਰੀ ਲਈ ਬਰਨ ਸਚੇਤਨਤਾ ਹਫ਼ਤਾ ਦੀ ਵੈਬ–ਸਾਈਟ www.burnfund.org/BAW ਦਾ ਅਰੰਭਕ ਪਰਚਾ "ਬੱਚਿਆਂ ਦੀ ਅੱਗ ਪ੍ਰਤੀ ਉਤਸੁਕਤਾ" ਵੇਖੋ।



ਬੀ.ਸੀ. ਦੇ ਬਰਨ ਸਚੇਤਨਤਾ ਹਫ਼ਤੇ ਦੀ ਜਾਮਨੀ ਬੀ.ਸੀ. ਪ੍ਰੋਫ਼ੈਸਨਲ ਫ਼ਾਇਰ ਫ਼ਾਈਟਰਜ਼ ਬਰਨ ਫ਼ੰਡ ਵਲੋਂ ਕੀਤੀ

www.burnfund.org ਫ਼ੋਨ: : 604 436-5617